ਫਾਰਮ **14446**
(ਨਵੰਬਰ 2021)

Department of the Treasury - Internal Revenue Service

# ਵਰਚੁਅਲ VITA/TCE ਕਰਦਾਤਾ ਸਹਿਮਤੀ

ਜਦੋਂ ਵੀ ਕਰਦਾਤਾ ਦਾ ਟੈਕਸ ਰਿਟਰਨ ਪੂਰਾ ਹੋ ਜਾਂਦਾ ਹੈ ਅਤੇ/ਜਾਂ ਗੁਣਵੱਤਾ ਦੀ ਸਮੀਖਿਆ ਆਹਮਣੇ-ਸਾਹਮਣੇ ਦੇ ਵਾਤਾਵਰਣ ਵਿੱਚ ਕੀਤੀ ਜਾਂਦੀ ਹੈ, ਤਾਂ ਇਸ ਫਾਰਮ ਦੀ ਲੋੜ ਹੁੰਦੀ ਹੈ। ਸਾਈਟ ਨੂੰ ਕਰਦਾਤਾ ਨੂੰ ਕਰਦਾਤਾ ਦੀ ਰਿਟਰਨ ਤਿਆਰ ਕਰਨ ਲਈ ਵਰਤੋਂ ਕੀਤੀ ਜਾਣ ਵਾਲੀ ਪ੍ਰਕਿਰਿਆ ਦੀ ਵਿਆਖਿਆ ਕਰਨੀ ਚਾਹੀਦੀ ਹੈ। ਜੇਕਰ ਲਾਗੂ ਹੋਵੇ, ਤਾਂ ਵਲੰਟੀਅਰਾਂ ਨੂੰ ਆਪਣੇ ਡੇਟਾ ਨੂੰ ਇੱਕ ਸਾਈਟ ਸਥਾਨ ਤੋਂ ਦੂਜੇ ਸਾਈਟ ਸਥਾਨ 'ਤੇ ਟ੍ਰਾਂਸਫਰ ਕਰਨ ਨਾਲ ਸੰਬੰਧਿਤ ਜੋਖਿਮ ਬਾਰੇ ਕਰਦਾਤਿਆਂ ਨੂੰ ਸਲਾਹ ਦੇਣੀ ਚਾਹੀਦੀ ਹੈ।

## ਭਾਗ I - VITA/TCE ਸਾਈਟ ਦੁਆਰਾ ਪੂਰਾ ਕੀਤਾ ਜਾਣਾ ਚਾਹੀਦਾ ਹੈ:

ਸਾਈਟ ਦਾ ਨਾਮ

ਸਾਈਟ ਦਾ ਪਤਾ (ਗਲੀ, ਸ਼ਹਿਰ, ਸੂਬਾ, ਜ਼ਿਪ ਕੋਡ)

| | |
|---|---|
| ਸਾਈਟ ਪਛਾਣ ਨੰਬਰ (SIDN) | ਸਾਈਟ ਕੋਰਡੀਨੇਟਰ ਦਾ ਨਾਮ |
| ਸਾਈਟ ਸੰਪਰਕ ਨੰਬਰ | ਸਾਈਟ ਸੰਪਰਕ ਟੈਲੀਫੋਨ ਨੰਬਰ |

**ਇਹ ਸਾਈਟ ਤੁਹਾਡੀ ਟੈਕਸ ਰਿਟਰਨ ਤਿਆਰ ਕਰਨ ਲਈ ਅੱਗੇ ਦਿੱਤੇ ਵਰਚੁਅਲ VITA/TCE ਵਿਧੀ(ਆਂ) ਦੀ ਵਰਤੋਂ ਕਰਦੀ ਹੈ:**

☐ **A. ਡ੍ਰਾਪ ਆਫ਼ ਸਾਈਟ:** ਇਹ ਸਾਈਟ ਇੱਕ ਡ੍ਰਾਪ ਆਫ਼ ਪ੍ਰਕਿਰਿਆ ਦੀ ਵਰਤੋਂ ਕਰਦੀ ਹੈ ਜਿਸ ਵਿੱਚ ਇੱਕ ਹੀ ਸਾਈਟ 'ਤੇ ਟੈਕਸ ਰਿਟਰਨ ਤਿਆਰ ਕਰਨ ਲਈ ਵਿਅਕਤੀਗਤ ਪਛਾਣ ਯੋਗ ਜਾਣਕਾਰੀ (ਸਮਾਜਿਕ ਸੁਰੱਖਿਆ ਨੰਬਰ, ਫਾਰਮ W-2 ਆਦਿ) ਨੂੰ ਬਣਾਈ ਰੱਖਣ ਵਾਲੀ ਸਾਈਟ ਸ਼ਾਮਲ ਹੈ, ਪਰ ਬਾਅਦ ਵਿੱਚ। ਇਸ ਪ੍ਰਕਿਰਿਆ ਵਿੱਚ, ਤੁਸੀਂ ਗੁਣਵੱਤਾ ਸਮੀਖਿਆ ਅਤੇ/ਜਾਂ ਪੂਰੀ ਟੈਕਸ ਰਿਟਰਨ 'ਤੇ ਹਸਤਾਖ਼ਰ ਕਰਨੇ ਲਈ ਉਸੇ ਸਾਈਟ 'ਤੇ ਵਾਪਿਸ ਆਵੋਂਗੇ। ਵਾਧੂ ਜਾਣਕਾਰੀ ਦੀ ਲੋੜ ਹੋਣ 'ਤੇ ਸਾਈਟ ਨੂੰ ਤੁਹਾਡੇ ਨਾਲ ਸੰਪਰਕ ਕਰਨ ਲਈ ਵਰਤੋਂ ਕੀਤੀ ਜਾਣ ਵਾਲੀ ਵਿਧੀ ਦੀ ਵਿਆਖਿਆ ਕਰਨੀ ਚਾਹੀਦੀ ਹੈ।

☐ **B. ਇਨਟੇਕ ਸਾਈਟ:** ਇਸ ਵਿਧੀ ਵਿੱਚ ਕਰਦਾਤਾ ਆਪਣੀ ਵਿਅਕਤੀਗਤ ਪਛਾਣ ਯੋਗ ਜਾਣਕਾਰੀ (ਸਮਾਜਿਕ ਸੁਰੱਖਿਆ ਨੰਬਰ, ਫਾਰਮ W-2 ਅਤੇ ਹੋਰ ਦਸਤਾਵੇਜ਼) ਨੂੰ ਸਾਈਟ 'ਤੇ ਛੱਡ ਕੇ ਕਿਸੇ ਹੋਰ ਸਥਾਨ 'ਤੇ ਟੈਕਸ ਰਿਟਰਨ ਤਿਆਰ ਕਰਨ ਅਤੇ/ਜਾਂ ਗੁਣਵੱਤਾ ਦੀ ਸਮੀਖਿਆ ਕਰਨਾ ਸ਼ਾਮਲ ਹੈ। ਇਸ ਪ੍ਰਕਿਰਿਆ ਵਿੱਚ, ਕਰਦਾਤਾ ਦੀ ਟੈਕਸ ਰਿਟਰਨ ਦੀ ਜਾਣਕਾਰੀ ਅੱਗੇ ਦਿੱਤਿਆਂ ਵਿੱਚੋਂ ਕਿਸੇ ਇੱਕ ਜਾਂ ਵੱਧ ਕਾਰਨਾਂ ਕਰਕੇ ਕਿਸੇ ਹੋਰ ਸਥਾਨ 'ਤੇ ਭੇਜੀ ਜਾ ਸਕਦੀ ਹੈ; ਕਰਦਾਤਾ ਦਾ ਸਾਖਿਆਤਕਾਰ ਕਰਨਾ, ਟੈਕਸ ਰਿਟਰਨ ਤਿਆਰ ਕਰਨਾ ਜਾਂ ਗੁਣਵੱਤਾ ਦੀ ਸਮੀਖਿਆ ਕਰਨਾ। ਕਰਦਾਤਾ ਗੁਣਵੱਤਾ ਦੀ ਸਮੀਖਿਆ ਕਰਨ ਲਈ ਇਨਟੇਕ ਸਾਈਟ 'ਤੇ ਵਾਪਿਸ ਆ ਸਕਦਾ ਹੈ ਜਾਂ ਪੂਰੀ ਟੈਕਸ ਰਿਟਰਨ ਦੀ ਸਮੀਖਿਆ ਅਤੇ ਹਸਤਾਖ਼ਰ ਕਰ ਸਕਦਾ ਹੈ।

☐ **C. ਰਿਟਰਨ ਤਿਆਰ ਕਰਨ ਅਤੇ/ਜਾਂ ਗੁਣਵੱਤਾ ਸਮੀਖਿਆ ਲਈ ਸਾਈਟ:** ਇਹ ਸਾਈਟ ਇੱਕ ਜਾਂ ਇਸ ਤੋਂ ਵੱਧ ਇਨਟੇਕ ਸਾਈਟਾਂ ਤੋਂ ਰਿਟਰਨ ਤਿਆਰ ਕਰਨ ਅਤੇ/ਜਾਂ ਗੁਣਵੱਤਾ ਸਮੀਖਿਆ ਰਿਟਰਨ ਪ੍ਰਾਪਤ ਕਰ ਸਕਦੀ ਹੈ। ਇਹ ਸਾਈਟ ਆਮ ਤੌਰ 'ਤੇ ਹੋਰ ਕਰਦਾਤਿਆਂ ਨਾਲ ਉਹਨਾਂ ਦੇ ਸਥਾਨ 'ਤੇ ਵਾਕ-ਇਨ ਜਾਂ ਮੁਲਾਕਾਤ ਨਹੀਂ ਲੈਂਦੀ ਹੈ।

☐ **D. ਕੰਬੀਨੇਸ਼ਨ ਸਾਈਡ:** ਇਹ ਸਾਈਟ ਹੋਰ ਸਥਾਈ ਜਾਂ ਅਸਥਾਈ ਇਨਟੇਕ ਸਾਈਟਾਂ ਵਾਸਤੇ ਰਿਟਰਨ ਤਿਆਰ ਕਰਦੀ ਹੈ ਅਤੇ ਸਿਰਫ਼ ਕਰਦਾਤਿਆਂ ਨੂੰ ਉਹਨਾਂ ਦੇ ਸਥਾਨ 'ਤੇ ਚੱਲਣ ਅਤੇ ਨਿਯੁਕਤ ਕਰਨ ਵਿੱਚ ਸਹਾਇਤਾ ਕਰਦੀ ਹੈ।

☐ **E. 100% ਵਰਚੁਅਲ VITA/TCE ਪ੍ਰਕਿਰਿਆ:** ਇਸ ਵਿਧੀ ਵਿੱਚ ਇਨਟੇਕ, ਸਾਖਿਆਤਕਾਰ, ਰਿਟਰਨ ਤਿਆਰ ਕਰਨਾ, ਗੁਣਵੱਤਾ ਦੀ ਸਮੀਖਿਆ ਕਰਨਾ ਅਤੇ ਟੈਕਸ ਰਿਟਰਨ 'ਤੇ ਹਸਤਾਖ਼ਰ ਕਰਨ ਦੇ ਦੌਰਾਨ ਕਰਦਾਤਾ ਅਤੇ ਕਿਸੇ ਵੀ VITA/ TCE ਵਲੰਟੀਅਰਾਂ ਨਾਲ ਆਹਮਣੇ-ਸਾਹਮਣੇ ਗੱਲਬਾਤ ਸ਼ਾਮਲ ਹੈ। ਸਾਈਟ ਨੂੰ ਪ੍ਰਕਿਰਿਆ ਅਤੇ ਸਹਿਮਤੀ ਦੀ ਵਿਆਖਿਆ ਕਰਨੀ ਚਾਹੀਦੀ ਹੈ। ਇਸ ਵਿੱਚ ਸਮੀਖਿਆ ਵਾਸਤੇ ਨਾਮਿਤ ਵਲੰਟੀਅਰ ਨੂੰ ਇੱਕ ਸੁਰੱਖਿਅਤ ਫਾਈਲ ਸਾਂਝਾਕਰਨ ਸਿਸਟਮ ਦੇ ਰਾਹੀਂ ਲੋੜੀਂਦੇ ਦਸਤਾਵੇਜ਼ (ਸਮਾਜਿਕ ਸੁਰੱਖਿਆ ਨੰਬਰ, ਫਾਰਮ W-2, ਅਤੇ ਹੋਰ ਦਸਤਾਵੇਜ਼) ਭੇਜਣ ਦੀ ਵਰਚੁਅਲ ਪ੍ਰਕਿਰਿਆਵਾਂ ਸ਼ਾਮਲ ਹਨ।

**ਭਾਗ II: ਸਾਈਟਾਂ ਦੀ ਪ੍ਰਕਿਰਿਆ:**

ਦੱਸੋ ਕਿ ਕਰਦਾਤਿਆਂ ਨੂੰ ਰਿਮੋਟਲੀ ਸਹਾਇਤਾ ਕਰਨ ਲਈ ਹਰੇਕ ਪ੍ਰਕਿਰਿਆ ਦੀ ਪਾਲਣਾ ਕਿਵੇਂ ਕੀਤੀ ਜਾਵੇ। ਸਾਈਟ ਕਿਵੇਂ ਪ੍ਰਬੰਧਿਤ ਕਰੇਗੀ:

1. ਮੁਲਾਕਾਤ ਨਿਰਧਾਰਿਤ ਕਰਕੇ

2. ਕਰਦਾਤਾ ਸਹਿਮਤੀ ਇਕਰਾਰਨਾਮਾ ਸੁਰੱਖਿਅਤ ਕਰਕੇ

3. ਇਨਟੇਕ ਪ੍ਰਕਿਰਿਆ ਕਰਕੇ (ਸਾਰੇ ਦਸਤਾਵੇਜ਼ਾਂ ਨੂੰ ਸੁਰੱਖਿਅਤ ਕਰਨਾ)

4. ਕਰਦਾਤਾ ਦੇ ਪ੍ਰਮਾਣੀਕਰਨ ਨੂੰ ਪ੍ਰਮਾਣਿਤ ਕਰਨਾ (ਫੋਟੋ ਪਛਾਣ ਅਤੇ ਸਮਾਜਿਕ ਸੁਰੱਖਿਆ ਕਾਰਡ/ITINS ਦੀ ਸਮੀਖਿਆ ਕਰਨਾ)

5. ਕਰਦਾਤੇ(ਆਂ) ਨਾਲ ਸਾਖਿਆਤਕਾਰ ਕਰਨਾ

6. ਟੈਕਸ ਰਿਟਰਨ ਤਿਆਰ ਕਰਨਾ

7. ਗੁਣਵੱਤਾ ਸਮੀਖਿਆ ਤਿਆਰ ਕਰਨਾ

8. ਪੂਰੀ ਰਿਟਰਨ ਸਾਂਝੀ ਕਰਨਾ

9. ਰਿਟਰਨ ‘ਤੇ ਹਸਤਾਖ਼ਰ ਕਰਨਾ

10. ਟੈਕਸ ਰਿਟਰਨ ਈ-ਫਾਈਲ ਕਰਨਾ

**ਇਹ ਫਾਰਮ ਦੇ ਪੰਨਾ ਤਿੰਨ ਨੂੰ ਹੋਰ ਸਾਰੇ ਲੋੜੀਂਦੇ ਦਸਤਾਵੇਜ਼ਾਂ ਨਾਲ ਸਾਈਟ 'ਤੇ ਰੱਖਿਆ ਜਾਵੇਗਾ।**

## ਭਾਗ III: ਕਰਦਾਤਾ ਸਹਿਮਤੀਆਂ:

**ਸਟੀਕਤਾ ਲਈ ਤੁਹਾਡੀ ਟੈਕਸ ਰਿਟਰਨ ਦੀ ਸਮੀਖਿਆ ਦੀ ਬੇਨਤੀ:**

ਇਹ ਯਕੀਨੀ ਕਰਨ ਲਈ ਕਿ ਤੁਸੀਂ ਵਲੰਟੀਅਰ ਸਾਈਟ 'ਤੇ ਗੁਣਵੱਤਾਪੂਰਣ ਸੇਵਾਵਾਂ ਅਤੇ ਇੱਕ ਸਟੀਕ ਤੌਰ 'ਤੇ ਤਿਆਰ ਟੈਕਸ ਰਿਟਰਨ ਪ੍ਰਾਪਤ ਕਰ ਰਹੇ ਹੋ, IRS ਕਰਮਚਾਰੀ ਸਮੀਖਿਆ ਲਈ ਬੇਤਰਤੀਬੀ ਢੰਗ ਨਾਲ ਮੁਫ਼ਤ ਟੈਕਸ ਤਿਆਰੀ ਸਾਈਟਾਂ ਦੀ ਚੋਣ ਕਰਦੇ ਹਨ। ਜੇਕਰ ਤਰੁੱਟੀ ਦੀ ਪਛਾਣ ਕੀਤੀ ਜਾਂਦੀ ਹੈ, ਤਾਂ ਸਾਈਟ ਜ਼ਰੂਰੀ ਸੁਧਾਰ ਕਰੇਗੀ। IRS ਤੁਹਾਡੀ ਸਮੀਖਿਆ ਕੀਤੀ ਗਈ ਟੈਕਸ ਰਿਟਰਨ ਨਾਲ ਕੋਈ ਵਿਅਕਤੀਗਤ ਜਾਣਕਾਰੀ ਨਹੀਂ ਰੱਖਦਾ ਹੈ ਅਤੇ ਉਹਨਾਂ ਨੂੰ ਸਟੀਕ ਤੌਰ 'ਤੇ ਤਿਆਰ ਟੈਕਸ ਰਿਟਰਨ ਵਾਸਤੇ ਸਾਡੇ VITA/TCE ਰਿਟਰਨ ਤਿਆਰੀ ਪ੍ਰੋਗਰਾਮਾਂ ਨੂੰ ਰੇਟ ਕਰਨ ਦੀ ਆਗਿਆ ਦਿੰਦਾ ਹੈ। ਜੇਕਰ ਤੁਸੀਂ ਆਪਣੀ ਰਿਟਰਨ ਦੇ ਸਮੀਖਿਆ ਪ੍ਰਕਿਰਿਆ ਦੇ ਹਿੱਸੇ ਵਜੋਂ ਸ਼ਾਮਲ ਨਹੀਂ ਕਰਨਾ ਚਾਹੁੰਦੇ ਹੋ, ਤਾਂ ਇਹ ਇਸ ਸਾਈਟ 'ਤੇ ਤੁਹਾਨੂੰ ਪ੍ਰਦਾਨ ਕੀਤੀ ਜਾਣ ਵਾਲੀਆਂ ਸੇਵਾਵਾਂ ਨੂੰ ਪ੍ਰਭਾਵਿਤ ਨਹੀਂ ਕਰੇਗਾ। ਜੇਕਰ ਇਸ ਰਿਟਰਨ ਨੂੰ ਤਿਆਰ ਕਰਨ ਵਾਲੀ ਸਾਈਟ ਦੀ ਚੋਣ ਕੀਤੀ ਜਾਂਦੀ ਹੈ, ਤਾਂ ਕੀ ਤੁਸੀਂ ਕਿਸੇ IRS ਕਰਮਚਾਰੀ ਦੁਆਰਾ ਤੁਹਾਡੀ ਰਿਟਰਨ ਦੀ ਸਟੀਕਤਾ ਵਾਸਤੇ ਸਮੀਖਿਆ ਕਰਨ ਲਈ ਸਹਿਮਤੀ ਦਿੰਦੇ ਹੋ?

☐ ਹਾਂ ☐ ਨਹੀਂ

**ਵਰਚੁਅਲ ਸਹਿਮਤੀ ਦਾ ਖੁਲਾਸਾ:**

ਜੇਕਰ ਤੁਸੀਂ ਆਪਣੀ ਟੈਕਸ ਰਿਟਰਨ ਤਿਆਰ ਕਰਨ ਅਤੇ ਉਕਤ ਤਰੀਕੇ ਨਾਲ ਆਪਣੇ ਟੈਕਸ ਦਸਤਾਵੇਜ਼ਾਂ ਨੂੰ ਸੰਭਾਲਣ ਲਈ ਸਹਿਮਤ ਹੋ, ਤਾਂ ਇਸ ਦਸਤਾਵੇਜ਼ 'ਤੇ ਤੁਹਾਡੇ ਹਸਤਾਖ਼ਰ ਅਤੇ/ਜਾਂ ਸਮਝੌਤੇ ਦੀ ਲੋੜ ਹੈ। ਇਸ ਦਸਤਾਵੇਜ਼ 'ਤੇ ਹਸਤਾਖ਼ਰ ਕਰਨ ਤੋਂ ਭਾਵ ਹੈ ਕਿ ਤੁਸੀਂ ਆਪਣੇ ਲਈ ਟੈਕਸ ਰਿਟਰਨ ਤਿਆਰ ਕਰਨ ਲਈ ਉੱਪਰ ਦੱਸੀਆਂ ਗਈਆਂ ਪ੍ਰਕਿਰਿਆਵਾਂ ਨਾਲ ਸਹਿਮਤ ਹੋ (ਜੇਕਰ ਇਹ ਮੈਰਿਡ ਫਾਈਲਿੰਗ ਜੁਆਇੰਟ ਰਿਟਰਨ ਹੈ ਤਾਂ ਪਤੀ-ਪਤਨੀ ਦੋਵਾਂ ਨੂੰ ਇਸ ਦਸਤਾਵੇਜ਼ 'ਤੇ ਹਸਤਾਖ਼ਰ ਕਰਨੇ ਚਾਹੀਦੇ ਹਨ ਅਤੇ ਮਿਤੀ ਲਿਖਣੀ ਚਾਹੀਦੀ ਹੈ)। ਜੇਕਰ ਤੁਸੀਂ ਇਸ ਫਾਰਮ 'ਤੇ ਹਸਤਾਖ਼ਰ ਨਾਕਰਨ ਦੀ ਚੋਣ ਕਰਦੇ ਹੋ, ਤਾਂ ਅਸੀਂ ਇਸ ਪ੍ਰਕਿਰਿਆ ਦੀ ਵਰਤੋਂ ਕਰਕੇ ਤੁਹਾਡੀ ਟੈਕਸ ਰਿਟਰਨ ਤਿਆਰ ਕਰਨ ਵਿੱਚ ਅਸਮਰੱਥ ਹੋ ਸਕਦੇ ਹਾਂ। ਕਿਉਂਕਿ ਅਸੀਂ ਤੁਹਾਡਾ ਟੈਕਸ ਰਿਟਰਨ ਵਰਚੁਅਲ ਤੌਰ 'ਤੇ ਤਿਆਰ ਕਰ ਰਹੇ ਹਾਂ, ਇਸ ਲਈ ਸਾਨੂੰ ਇਸ ਪ੍ਰਕਿਰਿਆ ਵਾਸਤੇ ਤੁਹਾਡੀ ਸਹਿਮਤੀ ਪ੍ਰਾਪਤ ਕਰਨੀ ਹੋਵੇਗੀ। ਜੇਕਰ ਤੁਸੀਂ ਆਪਣੀ ਟੈਕਸ ਰਿਟਰਨ ਜਾਣਕਾਰੀ ਦਾ ਖੁਲਾਸਾ ਕਰਨ ਜਾਂ ਵਰਤੋਂ ਕਰਨ ਵਾਸਤੇ ਇਹਨਾਂ ਗੈਰ-IRS ਵਰਚੁਅਲ ਸਿਸਟਮ ਦੀ ਵਰਤੋਂ ਕਰਨ ਦੀ ਸਹਿਮਤੀ ਦਿੰਦੇ ਹੋ, ਤਾਂ ਸੰਘੀ ਕਨੂੰਨ ਤੁਹਾਡੀ ਟੈਕਸ ਰਿਟਰਨ ਜਾਣਕਾਰੀ ਨੂੰ ਅੱਗੇ ਵਰਤਣ ਜਾਂ ਭੇਜਣ ਤੋਂ ਸੁਰੱਖਿਅਤ ਨਹੀਂ ਕਰ ਸਕਦਾ ਹੈ, ਜੇਕਰ ਇਹ ਸਿਸਟਮ ਸਾਡੀ ਜਾਣਕਾਰੀ ਦੇ ਬਿਨਾ ਹੈਕ ਜਾਂ ਭੰਗ ਹੋ ਜਾਂਦੇ ਹਨ। ਜੇਕਰ ਤੁਸੀਂ ਆਪਣੀ ਟੈਕਸ ਰਿਟਰਨ ਜਾਣਕਾਰੀ ਦੇ ਖੁਲਾਸੇ ਲਈ ਸਹਿਮਤ ਹੋ, ਤਾਂ ਤੁਹਾਡੀ ਸਹਿਮਤੀ ਤੁਹਾਡੇ ਦੁਆਰਾ ਨਿਰਧਾਰਿਤ ਸਮੇਂ ਲਈ ਵੈਧ ਹੈ। ਜੇਕਰ ਤੁਸੀਂ ਆਪਣੀ ਸਹਿਮਤੀ ਦੀ ਮਿਆਦ ਨੂੰ ਨਿਰਧਾਰਿਤ ਨਹੀਂ ਕਰਦੇ ਹੋ, ਤਾਂ ਤੁਹਾਡੀ ਸਹਿਮਤੀ ਹਸਤਾਖ਼ਰ ਦੀ ਮਿਤੀ ਤੋਂ ਇੱਕ ਸਾਲ ਲਈ ਵੈਧ ਹੈ। ਜੇਕਰ ਤੁਹਾਨੂੰ ਲਗਦਾ ਹੈ ਕਿ ਤੁਹਾਡੀ ਰਿਟਰਨ ਜਾਣਕਾਰੀ ਦਾ ਖੁਲਾਸਾ ਕੀਤਾ ਗਿਆ ਹੈ ਜਾਂ ਕਨੂੰਨ ਦੁਆਰਾ ਅਣਅਧੀਕਿਰਤ ਤਰੀਕੇ ਨਾਲ ਜਾਂ ਤੁਹਾਡੀ ਆਗਿਆ ਤੋ ਬਿਨਾ ਅਣ-ਉਚਿਤ ਤਰੀਕੇ ਦੀ ਵਰਤੋਂ ਕੀਤੀ ਗਈ ਹੈ, ਤਾਂ ਤੁਸੀਂ ਟ੍ਰੇਜ਼ਰੀ ਇੰਸਪੈਕਟਰ ਜਨਰਲ ਫਾਰ ਟੈਕ ਐਡਮਿਨਿਸਟ੍ਰੇਸ਼ਨ (TIGTA) ਨਾਲ 1-800-366-4484 'ਤੇ ਟੈਲੀਫੋਨ ਰਾਹੀਂ ਨਾਲ ਜਾਂ complaints@tigta.treas.gov 'ਤੇ ਈਮੇਲ ਰਾਹੀਂ ਸੰਪਰਕ ਕਰ ਸਕਦੇ ਹੋ। ਜਦੋਂਕਿ IRS ਵਲੰਟੀਅਰ ਇਨਕਮ ਟੈਕਸ ਅਸੀਸਟੈਂਟ (VITA) ਅਤੇ ਟੈਕਸ ਕਾਉਂਸਲਿੰਗ ਫਾਰ ਐਲਡਰਲੀ (TCE) ਪ੍ਰੋਗਰਾਮ ਵਾਸਤੇ ਟੈਕਸ ਸਲਾਹ ਲਈ ਨਿਰੀਖਣ ਜ਼ਰੂਰਤਾਂ ਨੂੰ ਪ੍ਰਦਾਨ ਕਰਨ ਲਈ ਜ਼ਿੰਮੇਵਾਰ ਹੈ, ਇਹਨਾਂ ਸਾਈਟਾਂ ਨੂੰ IRS ਪ੍ਰਾਯੋਜਿਤ ਭਾਗੀਦਾਰਾਂ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ ਜੋ IRS ਸਾਈਟ ਸੰਚਾਲਨ ਜ਼ਰੂਰਤਾਂ ਅਤੇ ਵਲੰਟੀਅਰ ਨੈਤਿਕ ਮਾਪਦੰਡਾਂ ਦਾ ਪ੍ਰਬੰਧਨ ਕਰਦ ਹਨ। ਇਸ ਤੋਂ ਇਲਾਵਾ, ਇਹਨਾਂ ਸਾਈਟਾਂ ਦੇ ਸਥਾਨ ਸੰਘੀ ਸੰਪੱਤੀ ਵਿੱਚ ਜਾਂ ਉਸ 'ਤੇ ਨਹੀਂ ਹੋ ਸਕਦੇ ਹਨ।

ਮੈਂ ਇਸ ਸਾਈਟ ਦੀ ਵਰਚੁਅਲ VITA/TCE ਪ੍ਰਕਿਰਿਆ ਦੀ ਵਰਤੋਂ ਕਰਨ ਲਈ ਤਿਆਰ ਹਾਂ ☐ ਹਾਂ ☐ ਨਹੀਂ

| | | | |
|---|---|---|---|
| ਸਾਫ਼ ਅੱਖਰਾਂ ਵਿੱਚ ਨਾਮ ਲਿਖੋ | | ਸਾਫ਼ ਅੱਖਰਾਂ ਵਿੱਚ ਲਿਖਿਆ ਨਾਮ (ਜੇਕਰ ਮੈਰਿਡ ਫਾਈਲਿੰਗ ਜੁਆਇੰਟ ਹੈ ਤਾਂ ਜੀਵਨ ਸਾਥੀ) | |
| ਜਨਮ ਮਿਤੀ | ਸਮਾਜਿਕ ਸੁਰੱਖਿਆ/ITIN ਨੰਬਰ ਦੇ ਆਖ਼ਰੀ ਚਾਰ ਅੰਕ | ਜਨਮ ਮਿਤੀ | ਸਮਾਜਿਕ ਸੁਰੱਖਿਆ/ITIN ਨੰਬਰ ਦੇ ਆਖ਼ਰੀ ਚਾਰ ਅੰਕ |
| ਮਿਤੀ | ਟੈਲੀਫੋਨ ਨੰਬਰ | ਮਿਤੀ | ਟੈਲੀਫੋਨ ਨੰਬਰ |
| ਈਮੇਲ ਪਤਾ | | ਈਮੇਲ ਪਤਾ | |
| ਹਸਤਾਖ਼ਰ (ਇਲੈਕਟ੍ਰਾਨਿਕ)<br>**ਜਾਂ** | | ਹਸਤਾਖ਼ਰ (ਇਲੈਕਟ੍ਰਾਨਿਕ)<br>**ਜਾਂ** | |
| ਹਸਤਾਖ਼ਰ (ਟਾਈਪ ਕਰੋ/ਪ੍ਰਿੰਟ ਕਰੋ) | | ਹਸਤਾਖ਼ਰ (ਟਾਈਪ ਕਰੋ/ਪ੍ਰਿੰਟ ਕਰੋ) | |